ਵਿਚਾਰ-ਚਰਚਾ

# ਵਿਚਾਰਧਾਰਕ ਸਪੱਸ਼ਟਤਾ ਦੀ ਲੋੜ

ਗੁਰਸ਼ਰਨ ਸਿੰਘ

ਮਾਰਕਸੀ ਵਿਚਾਰਧਾਰਾ ਵਿਚ ਜਮਾਤਾਂ ਦੀ ਇਕ ਖਾਸ ਅਹਿਮੀਅਤ ਹੈ। ਹਾਕਮ ਜਮਾਤਾਂ ਦੀ ਇਕ ਵਿਸ਼ੇਸ਼ ਵਿਚਾਰਧਾਰਾ ਹੁੰਦੀ ਹੈ, ਜਿਸਦੇ ਨਾਲ ਉਹ ਸਧਾਰਨ ਮਿਹਨਤ ਕਰਨ ਵਾਲੇ ਲੋਕਾਂ ਦਾ ਸੋਸ਼ਣ ਕਰਦੀਆਂ ਹਨ। ਸਾਡੇ ਆਪਣੇ ਦੇਸ਼ ਵਿਚ ਕਾਂਗਰਸ ਅਤੇ ਭਾਜਪਾ ਦੋਨੋਂ ਹਾਕਮ ਜਮਾਤਾਂ ਦੀ ਨੁਮਾਇੰਦਗੀ ਕਰਦੀਆਂ ਹਨ। ਉਹਨਾਂ ਦੀਆਂ ਇਕੋ ਜਿਹੀਆਂ ਆਰਥਕ ਨੀਤੀਆਂ ਹਨ ਪਰ ਫੇਰ ਵੀ ਉਹਨਾਂ ਦਾ ਫ਼ਰਕ ਜ਼ਰੂਰ ਹੈ ਅਤੇ ਇਸ ਫ਼ਰਕ ਬਾਰੇ ਚੇਤਨ ਹੋਣ ਦੀ ਲੋੜ ਹੈ।

ਭਾਜਪਾ ਦਾ ਆਰਥਕ ਨੀਤੀਆਂ ਦੇ ਇਲਾਵਾ ਇਕ ਬੁਨਿਆਦੀ ਫ਼ਲਸਫਾ ਹਿੰਦੂਵਤ ਹੈ। ਉਹ ਫ਼ਲਸਫਾ ਅੱਜ ਦੇ ਸਮੇਂ ਸਾਰੀਆਂ ਘੱਟ ਗਿਣਤੀਆਂ ਦੇ ਲੋਕਾਂ ਲਈ ਅਤੇ ਖਾਸਕਰ ਮੁਸਲਮਾਨਾਂ ਲਈ ਬੜਾ ਖਤਰਨਾਕ ਹੈ। ਇਸੇ ਫ਼ਲਸਫੇ ਦੇ ਅਧੀਨ ਭਾਜਪਾ ਨੇ ਪਹਿਲਾ ਜੋ ਕਦਮ ਚੁੱਕਿਆ ਹੈ ਉਹ ਹਿੰਦੋਸਤਾਨ ਦੀ ਹਿਸਟਰੀ ਨੂੰ ਦੁਬਾਰਾ ਲਿਖਣ ਦਾ ਉਪਰਾਲਾ ਹੈ। ਆਈ.ਸੀ. ਐਚ. ਆਰ. ( ਇੰਡੀਅਨ ਕੌਂਸਲ ਆਫ ਹਿਸਟੋਰੀਕਲ ਰੀਸਰਚ) ਇਕ ਕੇਂਦਰੀ ਸੰਸਥਾ ਹੈ ਜੋ ਹਿਸਟਰੀ ਬਾਰੇ ਖੋਜ ਅਤੇ ਫਿਰ ਪਾਠ-ਪੁਸਤਕਾਂ ਲਿਖਣ ਅਤੇ ਲਿਖਵਾਉਣ ਦੀ ਜ਼ਿੰਮੇਵਾਰ ਹੈ। ਪ੍ਰੋ: ਇਰਫਾਨ ਹਬੀਬ ਵਰਗੇ ਵਿਸ਼ਵ ਪ੍ਰਸਿਧ ਹਿਸਟਰੀ ਦੇ ਵਿਦਵਾਨ ਇਸ ਸੰਸਥਾ ਦੇ ਮੋਢੀ ਰਹੇ ਹਨ। ਇਸ ਸੰਸਥਾ ਬਾਰੇ ਆਰ.ਐਸ. ਐਸ. ਵਾਲਿਆਂ ਨੂੰ ਹਮੇਸ਼ਾ ਬੜੀ ਤਕਲੀਫ ਰਹੀ ਹੈ। ਗੁਰੂ ਗੋਲਵਲਕਰ ਹਮੇਸ਼ਾ ਇਹੋ ਕਹਿੰਦਾ ਹੁੰਦਾ ਸੀ ਕਿ ਭਾਰਤ ਵਰਸ਼ ਦਾ ਇਕੋ ਇਤਿਹਾਸ ਹੈ ਕਿ ਇਥੇ ਮਹਾਨ ਆਰੀਆ ਲੋਕ ਰਹਿੰਦੇ ਸਨ । ਉਹਨਾਂ ਦੀ ਮਹਾਨ ਸੰਸਕ੍ਰਿਤੀ ਸੀ। ਮੁਸਲਮਾਨ ਹਮਲਾਵਰ ਆਏ, ਉਹਨਾਂ ਨੇ ਇਹ ਸੰਸਕ੍ਰਿਤੀ ਖਤਮ ਕੀਤੀ। ਮੰਦਰ ਢਾਏ, ਮਸਜਿਦਾਂ ਬਣਾਈਆਂ, ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਅਤੇ ਇਸੇ ਸੰਦਰਭ ਵਿਚ ਗੱਲ ਕਰਦਿਆਂ ਉਹ ਅੱਗੋਂ ਕਹਿੰਦਾ ਸੀ ਕਿ ਅੰਗਰੇਜ਼ ਸਾਮਰਾਜ ਨਹੀਂ , ਸਗੋਂ ਮੁਸਲਮਾਨ ਹੀ ਹਿੰਦੋਸਤਾਨ ਦੇ ਵੱਡੇ ਦੁਸ਼ਮਣ ਹਨ। ਅੱਜ ਗੁਰੂ ਗੋਲਵਲਕਰ ਦੇ ਪੈਰੋਕਾਰਾਂ ਦਾ ਰਾਜ ਹੈ। ਮੁਰਲੀ ਮਨੋਹਰ ਜੋਸ਼ੀ ਉਸ ਮਹਿਕਮੇ ਦਾ ਵੱਡਾ ਵਜ਼ੀਰ ਹੈ, ਜਿਸਦੇ ਥੱਲੇ ਕੇਂਦਰ ਹੈ ਅਤੇ ਉਹ ਮਹਿਕਮਾ ਆਂਦਾ ਹੈ , ਜੋ ਹਿਸਟਰੀ ਕੌਂਸਲ ਦੀਆਂ ਨੀਤੀਆਂ ਨੂੰ ਦਿਸ਼ਾ ਦੇਂਦਾ ਹੈ। ਆਪਣੇ ਸੌ ਦਿਨਾਂ ਦੇ ਰਾਜ ਵਿਚ ਹੀ ਇਸ ਹਿਸਟਰੀ ਕੌਂਸਲ ਨੂੰ ਦੁਬਾਰਾ ਵਿਉਂਤਿਆ ਗਿਆ ਹੈ। ਹਿੰਦੂਤਵ ਦੇ ਬਹੁਤ ਸਾਰੇ ਵਿਦਵਾਨ ਇਸ ਕੌਂਸਲ ਵਿਚ ਲਗਾ ਦਿੱਤੇ ਗਏ ਹਨ। ਉਹਨਾਂ ਦੇ ਜ਼ਿੰਮੇ ਇਹ ਕੰਮ ਸੌਂਪਿਆ ਗਿਆ ਹੈ ਕਿ ਹਿਸਟਰੀ ਦੀਆਂ ਪਾਠ-ਪੁਸਤਕਾਂ ਦੁਬਾਰਾ ਲਿਖੀਆਂ ਜਾਣ ਯਾਨੀ ਬੱਚਿਆਂ ਨੂੰ ਪੜ੍ਹਾਇਆ ਜਾਵੇ ਕਿ ਉਹ ਮੁਸਲਮਾਨਾਂ ਨੂੰ ਦੇਸ਼ ਦੇ ਦੁਸ਼ਮਣ ਸਮਝਕੇ ਨਫਰਤ ਕਰਨ।

ਇਸੇ ਤਰ੍ਹਾਂ ਇਹ ਜਾਣਦਿਆਂ ਹੋਇਆਂ ਕਿ ਯੂਨੀਵਰਸਿਟੀ ਗਿਆਨ ਦਾ ਕੇਂਦਰ ਹਨ, ਇਹਨਾਂ ਵਿਚ ਇਸ ਤਰ੍ਹਾਂ ਘੁੱਸ-ਪੈਠੀ ਕੀਤੀ ਜਾਏ ਕਿ ਬੁੱਧੀਜੀਵੀਆਂ ਦੀ ਇਕ ਜਮਾਤ ਦੀ ਜਮਾਤ ਇਹੋ ਜਿਹੀ ਤਿਆਰ ਕੀਤੀ ਜਾਏ ਜਿਹੜੀ ਹਿੰਦੂਵਤਾ ਦੀ ਫਿਲਾਸਫੀ ਦੀ ਧਾਰਨੀ ਹੋਵੇ। ਯੂਨੀਵਰਸਿਟੀਆਂ ਦੇ ਚਾਂਸਲਰ ਵਿਧਾਨ ਦੇ ਅਨੁਸਾਰ ਉਸ ਪ੍ਰਾਂਤ ਦੇ ਗਵਰਨਰ ਹੁੰਦੇ ਹਨ, ਇਸ ਪ੍ਰਾਂਤ ਵਿਚ ਉਹ ਯੂਨੀਵਰਸਿਟੀ ਮੌਜੂਦ ਹੋ। ਨਵੇਂ ਗਰਵਰਨਰ ਉਹ ਲਗਾਏ ਜਾਣ ਜੋ ਆਰ.ਐਸ.ਐਸ. ਦੇ ਫਲਸਫੇ ਦੇ ਪੈਰੋਕਾਰ ਹੋਣ, ਉਹ ਅਗੋਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਚੁਣਨ ਜੋ ਉਹਨਾਂ ਦੇ ਕਹਿਣ ਅਨੁਸਾਰ ਯੂਨੀਵਰਸਿਟੀ ਦੀਆਂ ਨੀਤੀਆਂ ਘੜਨ। ਬਿਹਾਰ ਵਿਚ ਉਹ ਅਮਲ ਸੁੰਦਰ ਸਿੰਘ ਭੰਡਾਰੀ ਨੇ ਸ਼ੁਰੂ ਕਰ ਦਿਤਾ ਹੈ। ਬਿਹਾਰ ਸਰਕਾਰ ਦੀ ਵਿਰੋਧਤਾ ਦੇ ਬਾਵਜੂਦ ਐਸੇ ਵਾਈਸ ਚਾਂਸਲਰ ਲਗਾਏ ਜਾ ਰਹੇ ਹਨ, ਜੋ ਖੁੱਲੇ ਤੌਰ ਤੇ ਹਿੰਦੂਵਤ ਦੀ ਫਿਲਾਸਫੀ ਦੇ ਧਾਰਨੀ ਹਨ।

ਇਹ ਤੱਥ ਉਸ ਖਤਰੇ ਵਲ ਸਪੱਸ਼ਟ ਰੂਪ ਵਿਚ ਸੰਕੇਤ ਕਰਦੇ ਹਨ ਜਿਹੜਾ ਅਮਲ ਵਿਚ ਇਸ ਦੇਸ਼ ਦੀ ਜਮਹੂਰੀ ਏਕਤਾ ਨੂੰ ਪੱਕੇ ਤੌਰ ਤੇ ਖਤਮ ਕਰ ਦੇਵੇਗਾ। ਇਸ ਬਾਰੇ ਸਾਵਧਾਨ ਹੋਣ ਦੀ ਲੋੜ ਹੈ। 22 ਕਰੋੜ ਇਸ ਦੇਸ਼ ਵਿਚ ਮੁਸਲਮਾਨਾਂ ਦੀ ਆਬਾਦੀ ਹੈ। ਇਕ ਐਸੀ ਸੋਚ ਜਿਹੜੀ ਦੇਸ਼ ਦੀ ਵੱਡੀ ਗਿਣਤੀ ਦੇ ਲੋਕਾਂ ਨੂੰ ਆਪਣਾ ਦੁਸ਼ਮਣ ਸਮਝਦੀ ਹੈ, ਉਹ ਕਦੀ ਵੀ ਦੇਸ਼ ਦਾ ਕੋਈ ਭਲਾ ਨਹੀਂ ਕਰ ਸਕਦੀ। 100 ਦਿਨ ਪਹਿਲਾਂ ਭਾਜਪਾ ਬਾਰੇ ਜੇ ਕੋਈ ਭਰਮ-ਭੁਲੇਖਾ ਸੀ ਉਹ ਨਿੱਕਲ ਜਾਣਾ ਚਾਹੀਦਾ ਹੈ। ਵਾਜਪਾਈ ਭਾਵੇਂ ਉਤੋਂ ਕੁਝ ਕਹੀ ਜਾਏ ਪਰ ਉਹਦੀ ਹੀ ਵਜ਼ੀਰ ਉਮਾ ਭਾਰਤੀ ਸਪੱਸ਼ਟ ਕਹਿੰਦੀ ਹੈ ਕਿ ਮੰਦਰ ਬਣੇਗਾ, ਸੁਪਰੀਮ ਕੋਰਟ ਕੌਣ ਹੁੰਦੀ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਉਤੇ ਹਾਵੀ ਹੋਵੇ। ਵਿਸ਼ਵ ਹਿੰਦੂ ਪ੍ਰੀਸ਼ਦ ਵਾਲੇ ਵੀ ਆਪਣੇ ਏਜੰਡੇ ਬਾਰੇ ਸਪੱਸ਼ਟ ਹਨ।

ਜਮਹੂਰੀ ਸੋਚ ਦੇ ਸਮੂਹ ਲੋਕਾਂ ਦਾ ਫਰਜ਼ ਹੈ ਕਿ ਉਹ ਇਕ ਜੁੱਟ ਹੋ ਕੇ ਭਾਜਪਾ ਸਰਕਾਰ ਨੂੰ ਢਾਹੁਣ ਦਾ ਇਰਾਦਾ ਬਨਾਉਣ। ਵਿਕਲਪ ਕੋਈ ਵੀ ਨਹੀਂ ਉੱਭਰਦਾ ਤਾਂ ਦੇਸ਼ ਵਿਚ ਮੁੜ ਚੋਣਾਂ ਦਾ ਅਮਲ ਕੀਤਾ ਜਾਏ। ਦੇਸ਼ ਦੇ ਮਿਹਨਤਕਸ਼ ਲੋਕ ਖੱਬੀ ਧਿਰ ਦੀ ਇਸ ਵਿਚ ਅਗਵਾਈ ਦੀ ਉਮੀਦ ਰਖਦੇ ਹਨ। ਇਹ ਅਗਵਾਈ ਸਪੱਸ਼ਟ ਵਿਚਾਰਧਾਰਾ ਦੀ ਬੁਨਿਆਦ 'ਤੇ ਹੀ ਹੋ ਸਕਦੀ ਹੈ। ਦੁਸ਼ਮਣ ਆਪਣੀ ਵਿਚਾਰਧਾਰਾ ਅਤੇ ਵਿਉਂਤਬੰਦੀ ਬਾਰੇ ਸਪੱਸ਼ਟ ਹੈ। ਇਹੀ ਸਪੱਸ਼ਟਤਾ ਅੱਜ ਖੱਬੀ ਧਿਰ ਲਈ ਚੈਲਿੰਜ ਹੈ।